# ਪੰਜਾਬ ਸਕੂਲ ਸਿੱਖਿਆ ਬੋਰਡ

ਮੈਟ੍ਰਿਕੁਲੇਸ਼ਨ ਪਰੀਖਿਆ ਮਾਰਚ-2017 ਸੰਬੰਧੀ ਬੋਰਡ ਵੱਲੋਂ ਸਰਕਾਰੀ, ਏਡਿਡ, ਐਫੀਲਿਏਟਿਡ ਅਤੇ ਐਸੋਸੀਏਟ ਸਕੂਲਾਂ ਦੇ ਮੁਖੀਆਂ ਲਈ ਜਰੂਰੀ ਸੂਚਨਾਵਾਂ ਅਤੇ ਹਦਾਇਤਾਂ।

## ਪਰੀਖਿਆ ਫ਼ਾਰਮ ਅਤੇ ਫ਼ੀਸ ਜਮ੍ਹਾ ਕਰਵਾਉਣ ਦੀ ਆਖਰੀ ਮਿਤੀ

| ਮੈਟ੍ਰਿਕ ਲਈ ਪਰੀਖਿਆ ਫੀਸ:-<br>1. ਸਰਕਾਰੀ ਅਤੇ ਏਡਿਡ ਸਕੂਲਾਂ ਲਈ 700/- ਰੁ:+300/-ਰੁ: ਪ੍ਰਯੋਗੀ ਵਿਸ਼ਿਆ ਦੀ ਫੀਸ<br>2. ਐਫੀਲਿਏਟਿਡ / ਐਸੋਸੀਏਟ ਸਕੂਲਾਂ ਲਈ 1000/- ਰੁ: (ਸਮੇਤ ਪ੍ਰਯੋਗੀ ਵਿਸ਼ਿਆ ਦੀ ਫੀਸ)<br>3. ਵਾਧੂ ਵਿਸ਼ੇ ਦੀ ਫੀਸ 300/- ਰੁ: ਪ੍ਰਤੀ ਵਿਸ਼ਾ | ਬਿਨਾਂ ਲੇਟ ਫ਼ੀਸ | 500/-ਰੁ: ਲੇਟ ਫ਼ੀਸ (ਪ੍ਰਤੀ ਪਰੀਖਿਆਰਥੀ) | 1000/-ਰੁ: ਲੇਟ ਫ਼ੀਸ (ਪ੍ਰਤੀ ਪਰੀਖਿਆਰਥੀ) | 2000/-ਰੁ: ਲੇਟ ਫੀਸ (ਪ੍ਰਤੀ ਪਰੀਖਿਆਰਥੀ) |
|---|---|---|---|---|
| ਚਲਾਨ ਜਨਰੇਟ ਕਰਨ ਦੀ ਆਖਰੀ ਮਿਤੀ | 10-11-16 | 17-11-16 | 24-11-16 | 30-11-16 |
| ਬੈਂਕ ਵਿੱਚ ਫੀਸ/ਚਲਾਨ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ | 15-11-16 | 21-11-16 | 30-11-16 | 05-12-16 |
| ਪਰੀਖਿਆ ਫਾਰਮ ਜਿਲ੍ਹਾਂ ਖੇਤਰੀ ਦਫਤਰ/ਮੁੱਖ ਦਫਤਰ ਵਿਖੇ ਜਮਾਂ ਕਰਵਾਉਣ ਦੀ ਆਖਰੀ ਮਿਤੀ | 05-12-16 ਖੇਤਰੀ ਦਫਤਰ/ ਮੁੱਖ ਦਫਤਰ | 05-12-16 ਖੇਤਰੀ ਦਫਤਰ/ ਮੁੱਖ ਦਫਤਰ | 13-12-16 ਕੇਵਲ ਮੁੱਖ ਦਫਤਰ | 13-12-16 ਕੇਵਲ ਮੁੱਖ ਦਫਤਰ |

### ❖ ਪਰੀਖਿਆ ਫੀਸ ਦੇ ਚਲਾਨ ਜਨਰੇਟ ਕਰਨ ਅਤੇ ਪਰੀਖਿਆ ਫਾਰਮ ਜਨਰੇਟ ਕਰਨ ਸਬੰਧੀ ਹਦਾਇਤਾਂ :-

ਪਰੀਖਿਆ ਫਾਰਮ ਅਤੇ ਪਰੀਖਿਆ ਫੀਸ ਲਈ ਚਾਲਾਨ ਜਨਰੇਟ ਕਰਨ ਵਾਸਤੇ ਹੇਠ ਲਿਖੇ ਸਟੈਪ ਹੋਣਗੇ :-

1. ਸਕੂਲ ਲਾਗਇੰਨ ਆਈ ਡੀ ਨੂੰ ਖੋਲਿਆ ਜਾਵੇ ਅਤੇ ਸੈਸ਼ਨ 2016-17 ਸਲੈਕਟ ਕੀਤਾ ਜਾਵੇ।
2. Examination Portal ਤੇ ਕਲਿੱਕ ਕੀਤਾ ਜਾਵੇ ਅਤੇ ਖੱਬੇ ਹੱਥ ਦਿੱਤੇ ਮੈਨੂ ਵਿੱਚੋਂ ਸਬੰਧਤ ਸ਼੍ਰੇਣੀ ਸਲੈਕਟ ਕੀਤੀ ਜਾਵੇ (ਭਾਵ ਦਸਵੀਂ, ਬਾਰਵੀਂ, ਓਪਨ ਸਕੂਲ)
3. ਸ਼੍ਰੇਣੀ ਸਲੈਕਟ ਕਰਨ ਉਪਰੰਤ ਸਬੰਧਤ ਸ਼੍ਰੇਣੀ ਦੇ ਰਜਿਸਟਰਡ ਪਰੀਖਿਆਰਥੀਆਂ ਦੀ ਸੂਚੀ ਦਿਖੇਗੀ।
4. ਸੂਚੀ ਵਿੱਚ ਹਰ ਇੱਕ ਪਰੀਖਿਆਰਥੀ ਦੇ ਸਾਹਮਣੇ Select ਕਾਲਮ ਹੋਵੇਗਾ, ਜਿਸ ਵਿੱਚ ਚੈੱਕ ਬਾਕਸ ਹੋਏਗਾ। ਜਿੰਨ੍ਹਾਂ ਪਰੀਖਿਆਰਥੀਆਂ ਦੇ ਪਰੀਖਿਆ ਫਾਰਮ ਜਨਰੇਟ ਕਰਨੇ ਹਨ, ਉਹਨਾਂ ਪਰੀਖਿਆਰਥੀਆਂ ਦੇ ਸਾਹਮਣੇ ਲੱਗੇ ਕਾਲਮ ਦਾ ਚੈੱਕ ਬਾਕਸ ਸਲੈਕਟ ਕੀਤਾ ਜਾਵੇ ਅਤੇ ਉਸੇ ਤਰ੍ਹਾਂ ਜਿੰਨ੍ਹਾਂ ਦੀ ਐੱਸ.ਸੀ./ਐੱਸ.ਟੀ./ਬੀ.ਸੀ. ਪਰੀਖਿਆਰਥੀਆਂ ਦੀ ਫੀਸ ਕਲੇਮ ਕਰਨੀ ਹੈ, ਉਹਨਾਂ ਸਾਹਮਣੇ ਲੱਗੇ Fee Claim ਕਾਲਮ ਦਾ ਚੈੱਕ ਬਾਕਸ ਸਲੈਕਟ ਕੀਤਾ ਜਾਵੇ ਅਤੇ E-Punjab ਦੀ I.D compulsory ਕੀਤੀ ਜਾਵੇ।
5. ਪਰੀਖਿਆਰਥੀ ਸਲੈਕਟ ਕਰਨ ਉਪਰੰਤ ਪਰੀਖਿਆ ਫਾਰਮ ਜਨਰੇਟ ਕਰਨ ਹਿੱਤ Add ਬਟਨ ਤੇ ਕਲਿੱਕ ਕੀਤਾ ਜਾਵੇ। Add ਕੀਤੇ ਪਰੀਖਿਆਰਥੀ Select ਲਿਸਟ ਵਿੱਚ ਚਲੇ ਜਾਣਗੇ।
6. ਜਨਰੇਟ ਫਾਰਮ ਤੇ ਕਲਿੱਕ ਕਰਨ ਉਪਰੰਤ ਕੈਟਾਗਰੀ (Caste) ਵਾਈਜ਼ ਫੀਸ ਕੈਲਕੂਲੇਟ ਹੋ ਕੇ ਦਿਖ ਜਾਏਗੀ ਅਤੇ ਜਿੰਨ੍ਹਾਂ ਪਰੀਖਿਆਰਥੀਆਂ ਦੀ ਫੀਸ ਕਲੇਮ ਕਰਨੀ ਹੈ, ਉਹਨਾਂ ਦੀ ਗਿਣਤੀ ਅਤੇ ਫੀਸ ਦਿਖ ਜਾਵੇਗੀ।
7. Select List ਵਿੱਚੋਂ ਪਰੀਖਿਆਰਥੀ ਵੈਰੀਫਾਈ ਕਰਨ ਉਪਰੰਤ ਦਿੱਤੇ ਗਏ ਜਨਰੇਟ ਚਲਾਨ ਬਟਨ ਤੇ ਕਲਿੱਕ ਕੀਤਾ ਜਾਵੇ। ਫੀਸ ਅਤੇ ਪਰੀਖਿਆਰਥੀਆਂ ਦੀ ਗਿਣਤੀ ਵੈਰੀਫਾਈ ਕਰਨ ਉਪਰੰਤ Submit ਬਟਨ ਤੇ ਕਲਿੱਕ ਕੀਤਾ ਜਾਵੇ ਅਤੇ ਬੈਂਕ ਸਲੈਕਟ ਕਰਨ ਉਪਰੰਤ ਚਾਲਾਨ ਬਣਾ ਲਿਆ ਜਾਵੇ।
8. ਚਲਾਨ ਜਨਰੇਟ ਕਰਨ ਉਪਰੰਤ 24 ਘੰਟੇ ਬਾਅਦ ਬੈਂਕ ਵਿੱਚ ਫੀਸ ਜਮ੍ਹਾਂ ਕਰਵਾਈ ਜਾਵੇ।
9. ਫੀਸ ਜਮ੍ਹਾਂ ਕਰਵਾਉਣ ਤੋਂ 48 ਘੰਟੇ ਬਾਅਦ ਪਰੀਖਿਆ ਫਾਰਮ ਪ੍ਰਿੰਟ ਕੀਤੇ ਜਾ ਸਕਣਗੇ।
10. ਪਰੀਖਿਆ ਫਾਰਮ ਪ੍ਰਿੰਟ ਕਰਨ ਲਈ Download Examination Form ਮੀਨੂ ਤੇ ਕਲਿੱਕ ਕੀਤਾ ਜਾਵੇ। ਇਸ ਅਧੀਨ Lot wise generate ਕੀਤੇ ਫਾਰਮਾਂ ਦੀ ਸੂਚੀ ਦਿਖ ਜਾਵੇਗੀ। ਇਸ ਲੋਟ ਦੀ ਫੀਸ ਬੈਂਕ ਦੁਆਰਾ ਵੈਰੀਫਾਈ ਕਰ ਦਿੱਤੀ ਜਾਵੇਗੀ, ਉਸ ਦੇ ਸਾਹਮਣੇ ਪ੍ਰਿੰਟ Examination Form ਤੇ ਕਲਿੱਕ ਕਰਕੇ ਫਾਰਮ ਪ੍ਰਿੰਟ ਕੀਤੇ ਜਾ ਸਕਣਗੇ। Print Examination Form ਬਟਨ ਤੇ ਕਲਿੱਕ ਕੀਤਾ ਜਾਵੇ। ਲਾਟ ਵਾਈਜ਼ ਸੂਚੀ ਵਿੱਚੋਂ ਸਬੰਧਤ ਲਾਟ ਸਲੈਕਟ ਕਰਕੇ ਫਾਰਮ ਡਾਊਨਲੋਡ ਕੀਤੇ ਜਾਣ। ਜਦੋਂ ਤੱਕ ਫੀਸ ਬੈਂਕ ਦੁਆਰਾ ਵੈਰੀਫਾਈ ਨਹੀਂ ਕਰ ਦਿੱਤੀ ਜਾਂਦੀ, ਉਦੋਂ ਤੱਕ ਸਿਰਫ Print Challan and Re-Generate Challan ਬਟਨ ਹੀ ਦਿਖਣਗੇ। ਫੀਸ ਵੈਰੀਫਾਈ ਹੋਣ ਉਪਰੰਤ ਹੀ Download ਲਿੰਕ ਦਿਖੇਗਾ।
11. **ਚਲਾਨ ਵਿੱਚ ਦਰਸਾਈ Valid Date ਤੱਕ ਹਰ ਹਾਲਤ ਵਿੱਚ ਫੀਸ ਜਮ੍ਹਾਂ ਕਰਵਾਉਣੀ ਲਾਜ਼ਮੀ ਹੋਵੇਗੀ। ਇਸ ਸਬੰਧੀ ਸਾਰੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ। ਜੇਕਰ ਸਬੰਧਤ ਸਕੂਲ ਦੇ ਚਲਾਨ ਦੀ valid ਮਿਤੀ ਨਿਕਲ ਗਈ ਹੈ ਅਤੇ ਬੈਂਕ/ਦਫਤਰ ਵਿੱਚ ਇਸਦੀ ਫੀਸ ਵੀ ਨਹੀਂ ਜਮ੍ਹਾਂ ਕਰਵਾਈ ਗਈ ਤਾਂ ਹੀ Regenerate ਚਲਾਨ ਕੀਤਾ ਜਾਵੇ।**

❖

❖ **ਜ਼ਰੂਰੀ ਨੋਟ :-**

1. ਪਰੀਖਿਆ ਫ਼ਾਰਮ ਉਮੀਦਵਾਰ ਕੋਲੋਂ ਹਰ ਪੱਖੋਂ ਮੁਕੰਮਲ ਕਰਵਾਉਣ ਉਪਰੰਤ ਚੈੱਕ ਕਰਕੇ ਤਸਦੀਕ ਕੀਤਾ ਜਾਵੇ।
2. ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਅਤੇ ਏਡਿਡ ਸਕੂਲਾਂ ਵਿੱਚ ਪੜ੍ਹ ਰਹੇ ਅਨੁਸੂਚਿਤ ਜਾਤੀਆਂ /ਅਨੁਸੂਚਿਤ ਕਬੀਲੇ / ਪਛੜੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ ਨੂੰ ਪਰੀਖਿਆ ਫ਼ੀਸ ਤੋਂ ਛੋਟ ਹੈ ਪਰੰਤੂ ਪ੍ਰਯੋਗੀ ਪਰੀਖਿਆਵਾਂ ਦੀ ਫੀਸ ਦੇਣੀ ਪਵੇਗੀ। ਇਸ ਲਈ ਪ੍ਰੋਫ਼ਾਰਮਾਂ ਨੰ: ਪ੍ਰੀ-2/38 ਵਰਤਿਆ ਜਾਵੇ, ਫ਼ੇਲ੍ਹ ਹੋ ਕੇ ਮੁੜ ਦਾਖਲ ਹੋਏ ਉਮੀਦਵਾਰਾਂ ਨੂੰ ਫ਼ੀਸ ਦੀ ਛੋਟ ਨਹੀਂ ਹੋਵੇਗੀ।

❖ **ਪਰੀਖਿਆ ਫ਼ਾਰਮ ਭਰਨ ਸੰਬੰਧੀ ਹਦਾਇਤਾਂ :-**

1. **(ਪੰਜਾਬੀ ਦੀ ਥਾਂ ਪੰਜਾਬ ਦਾ ਇਤਿਹਾਸ ਤੇ ਸੱਭਿਆਚਾਰ ਦਾ ਵਿਸ਼ਾ ਕੇਵਲ ਵਿਦੇਸ਼ੀ ਅਤੇ ਉਹੀ ਉਮੀਦਵਾਰ ਲੈ ਸਕਦੇ ਹਨ ਜਿਨ੍ਹਾਂ ਦੇ ਮਾਪੇ** ਸਰਕਾਰੀ/ ਅੱਧ ਸਰਕਾਰੀ ਅਦਾਰਿਆਂ ਵਿੱਚ ਕੰਮ ਕਰਦੇ ਹਨ ਅਤੇ ਉਹਨਾਂ ਦੀ ਬਦਲੀ ਭਾਰਤ ਵਿੱਚ ਕਿਸੇ ਵੀ ਥਾਂ ਹੋ ਸਕਦੀ ਹੈ **ਜਾਂ ਜਿਨ੍ਹਾਂ ਦੂਜੇ ਰਾਜਾਂ ਦੇ ਉਮੀਦਵਾਰਾਂ ਨੇ ਅੱਠਵੀਂ ਤੱਕ ਪੰਜਾਬੀ ਨਾ ਪੜ੍ਹੀ ਹੋਵੇ। ਅਜਿਹੇ ਉਮੀਦਵਾਰਾਂ ਨੂੰ ਅੱਠਵੀਂ ਤੱਕ ਪੰਜਾਬੀ ਨਾ ਪੜ੍ਹਨ ਦਾ ਸਬੂਤ ਪੇਸ਼ ਕਰਨਾ ਪਵੇਗਾ।)**
2. ਉਮੀਦਵਾਰਾਂ ਦੇ ਵੇਰਵੇ ਜਿਵੇਂ ਕਿ ਉਮੀਦਵਾਰ ਦਾ ਨਾਂ, ਪਿਤਾ ਅਤੇ ਮਾਤਾ ਦੇ ਨਾਂ ਦੇ ਸਪੈਲਿੰਗ, ਰਜਿਸਟ੍ਰੇਸ਼ਨ ਨੰਬਰ, ਜਨਮ-ਮਿਤੀ ਰਜਿਸਟ੍ਰੇਸ਼ਨ ਰਿਟਰਨ ਦੇ ਆਧਾਰ ਤੇ ਪ੍ਰਿੰਟ ਕਰਕੇ ਭੇਜੇ ਗਏ ਹਨ, ਪ੍ਰੀਖਿਆ ਫਾਰਮ ਵਿੱਚ ਸਕੂਲ ਪੱਧਰ ਤੇ ਕੋਈ ਸੋਧ ਨਾ ਕੀਤੀ ਜਾਵੇ। ਉਮੀਦਵਾਰ ਦੇ ਵੇਰਵਿਆਂ ਵਿੱਚ ਕੋਈ ਗ਼ਲਤੀ ਰਹਿ ਗਈ ਤਾਂ ਉਸਦੀ ਸੋਧ ਕੁਰੈਕਸ਼ਨ ਪ੍ਰੋਫਾਰਮੇ ਤੇ ਭਰ ਕੇ ਭੇਜੀ ਜਾਵੇ। ਇਹ ਸੋਧ ਮਿਤੀ 13-12-2016 ਤੋਂ 30-12-2016 ਤੱਕ 200/- ਰੁ: ਪ੍ਰਤੀ ਸੋਧ ਦੇ ਹਿਸਾਬ ਨਾਲ ਲੋੜੀਂਦੇ ਦਸਤਾਵੇਜ ਪੇਸ਼ ਕਰਕੇ ਸਬੰਧਤ ਪਰੀਖਿਆ ਸ਼ਾਖਾ ਰਾਹੀਂ ਕਰਵਾਈ ਜਾ ਸਕਦੀ ਹੈ।
3. ਵਿਲੱਖਣ ਸਮਰੱਥਾ ਵਾਲੇ ਉਮੀਦਵਾਰ ਪੰਜਾਬੀ ਤੋਂ ਇਲਾਵਾ ਨਿਯਮਾਂ ਅਨੁਸਾਰ ਕੋਈ ਹੋਰ ਵਿਸ਼ੇ ਲੈ ਸਕਦੇ ਹਨ। (ਪਾਠ- ਕ੍ਰਮ ਵੇਖਿਆ ਜਾਵੇ।)
4. ਕਿਸੇ ਵੀ ਸਕੂਲ ਉਮੀਦਵਾਰ ਜਿਸ ਦਾ ਪਰੀਖਿਆ ਫਾਰਮ ਰੈਗੂਲਰ ਤੌਰ ਤੇ ਭੇਜਿਆ ਗਿਆ ਹੈ,ਓਪਨ ਸਕੂਲ ਉਮੀਦਵਾਰ ਵਜੋਂ ਪਰੀਖਿਆ ਫ਼ਾਰਮ ਤਸਦੀਕ ਕਰਕੇ ਨਾ ਭੇਜਿਆ ਜਾਵੇ। ਜੇਕਰ ਕੋਈ ਉਮੀਦਵਾਰ ਇੱਕ ਤੋਂ ਵੱਧ ਪਰੀਖਿਆ ਫ਼ਾਰਮ (ਰੈਗੂਲਰ/ਓਪਨ ਸਕੂਲ ਸਕੀਮ ਅਧੀਨ) ਭੇਜੇਗਾ ਤਾਂ ਉਸ ਦਾ ਉਮੀਦਵਾਰੀ ਹੱਕ ਰੱਦ ਕਰ ਦਿੱਤਾ ਜਾਵੇਗਾ। ਇਹ ਸਾਰੇ ਉਮੀਦਵਾਰਾਂ ਨੂੰ ਨੋਟ ਕਰਵਾ ਦਿੱਤਾ ਜਾਵੇ।
5. ਜਿਨ੍ਹਾਂ ਸਕੂਲਾਂ ਨੂੰ ਸਿੱਖਿਆ ਵਿਭਾਗ ਵੱਲੋਂ ਮਾਨਤਾ ਮਿਲੀ ਹੋਵੇ ਉਹ ਬੋਰਡ ਦੇ ਦਫ਼ਤਰ ਵੱਲੋਂ ਵੀ ਮਾਨਤਾ ਪ੍ਰਾਪਤ ਕਰਨ, ਨਹੀਂ ਤਾਂ ਅਜਿਹੇ ਸਕੂਲਾਂ ਦੇ ਉਮੀਦਵਾਰ ਪਰੀਖਿਆ ਦੇਣ ਦੇ ਅਯੋਗ ਹੋਣਗੇ।
6. ਜਿਨ੍ਹਾਂ ਸਕੂਲਾ ਦੇ ਪਰੀਖਿਆਰਥੀਆਂ ਨੂੰ ਰਜਿਸਟ੍ਰੇਸ਼ਨ ਨੰਬਰ ਅਲਾਟ ਨਹੀਂ ਹੋਇਆ ਉਹ ਆਪਣਾ ਰਜਿਸਟ੍ਰੇਸ਼ਨ ਨੰਬਰ ਤੁਰੰਤ ਅਲਾਟ ਕਰਵਾਉਣ ਨਹੀਂ ਤਾਂ ਫਾਰਮ ਰੱਦ ਕਰ ਦਿੱਤਾ ਜਾਵੇਗਾ।
7. Ministry of Social Justice & Empowerment, Department of Disability Affairs ਵੱਲੋਂ ਅੰਗਹੀਣ ਉਮੀਦਵਾਰਾਂ ਲਈ ਲਿਖਤੀ ਪ੍ਰੀਖਿਆਵਾਂ ਦੇ ਸੰਚਾਲਨ ਹਿੱਤ ਅਗਵਾਈ ਲੀਹਾਂ ਜਾਰੀ ਕੀਤੀਆਂ ਗਈਆਂ ਹਨ, ਇਨ੍ਹਾਂ ਹਦਾਇਤਾਂ ਅਨੁਸਾਰ :-

1. 40% ਜਾਂ ਇਸਤੋਂ ਵੱਧ ਅਪੰਗਤਾ ਵਾਲੇ ਉਮੀਦਵਾਰ ਜੇ ਇੱਛੁਕ ਹੋਣ ਤਾਂ ਉਨ੍ਹਾਂ ਨੂੰ ਲਿਖਾਰੀ/ਕਾਤਿਬ/ਪਾਠਕ/ਲੈਬਾਰਟੀ ਸਹਾਇਕ ਪ੍ਰਾਪਤ ਕਰਨ ਹੀ ਸਹੂਲਤ ਹੋਵੇਗੀ।
2. ਉਮੀਦਵਾਰ ਨੂੰ ਆਪਣੇ ਪੱਧਰ ਤੇ ਲਿਖਾਰੀ/ਕਾਤਿਬ/ਪਾਠਕ/ਲੈਬਾਰਟੀ ਸਹਾਇਕ ਚੁਣਨ ਦੀ ਖੁੱਲ ਹੋਵੇਗੀ ਜਾਂ ਉਮੀਦਵਾਰ ਇਹ ਸਹੂਲਤ ਪ੍ਰਾਪਤ ਕਰਨ ਲਈ ਪ੍ਰੀਖਿਆ ਸੰਚਾਲਨ ਸੰਸਥਾ ਨੂੰ ਬੇਨਤੀ ਕਰ ਸਕੇਗਾ।
3. ਪ੍ਰੀਖਿਆ ਸੰਚਾਲਨ ਸੰਸਥਾ, ਪ੍ਰੀਖਿਆ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਜਿਲ੍ਹਾ, ਖੇਤਰ ਅਤੇ ਰਾਜ ਪੱਧਰ ਤੇ ਲਿਖਾਰੀ/ਕਾਤਿਬ/ਪਾਠਕ/ਲੈਬਾਰਟੀ ਸਹਾਇਕ ਦਾ ਪੈਨਲ ਵੀ ਬਣਾ ਸਕਦੀ ਹੈ ਇਸ ਸੂਰਤ ਵਿੱਚ ਉਮੀਦਵਾਰ ਨੂੰ ਪ੍ਰੀਖਿਆ ਤੋਂ ਇੱਕ ਦਿਨ ਪਹਿਲਾਂ ਲਿਖਾਰੀ/ਕਾਤਿਬ/ਪਾਠਕ/ਲੈਬਾਰਟੀ ਸਹਾਇਕ ਨੂੰ ਮਿਲਣ ਦੀ ਆਗਿਆ ਹੋਵੇਗੀ ਤਾਂ ਜੋ ਉਮੀਦਵਾਰ ਲਿਖਾਰੀ/ਕਾਤਿਬ/ਪਾਠਕ/ਲੈਬਾਰਟੀ ਸਹਾਇਕ ਦੀ ਯੋਗਤਾ ਨੂੰ ਪਰਖ ਸਕੇ।
4. ਤਤਕਾਲੀਨ ਹਾਲਤਾਂ ਵਿੱਚ ਉਮੀਦਵਾਰ ਨੂੰ ਲਿਖਾਰੀ/ਕਾਤਿਬ/ਪਾਠਕ/ਲੈਬਾਰਟੀ ਸਹਾਇਕ ਦਾ ਬਦਲਵਾਂ ਪ੍ਰਬੰਧ ਕਰਨ ਦੀ ਵਿਵਸਥਾ ਹੋਵੇਗੀ। ਲਿਖਾਰੀ/ਕਾਤਿਬ/ਪਾਠਕ/ਲੈਬਾਰਟੀ ਸਹਾਇਕ ਲਈ ਵਿਦਿਅਕ ਯੋਗਤਾਵਾਂ, ਪ੍ਰਾਪਤ ਅੰਕ, ਉਮਰ ਅਤੇ ਹੋਰ ਪਾਬੰਦੀਆਂ ਦੇ ਮਾਪਦੰਡ ਨਿਰਧਾਰਿਤ ਨਹੀਂ ਕੀਤੇ ਜਾਣਗੇ ਸਗੋਂ ਪ੍ਰੀਖਿਆ ਸੰਚਾਲਨ ਸੰਸਥਾ ਮਜਬੂਤ ਨਿਗਰਾਨ ਅਮਲੇ ਦਾ ਪ੍ਰਬੰਧ ਕਰੇਗੀ ਤਾਂ ਜੋ ਵਿਦਿਆਰਥੀ ਨਕਲ ਤੇ ਹੋਰ ਅਨੁਚਿਤ ਸਾਧਨਾਂ ਦੀ ਵਰਤੋਂ ਨਾ ਕਰ ਸਕੇ।

5. ਅਪੰਗ ਉਮੀਦਵਾਰਾਂ ਨੂੰ ਪ੍ਰੀਖਿਆ ਦੇਣ ਦੀ ਪੱਧਤੀ/ਵਿਸ਼ੇ ਚੁਣਨ ਦੀ ਖੁੱਲ ਹੋਵੇਗੀ ਜਿਵੇ ਕਿ ਬਰੇਲ ਭਾਸ਼ਾ, ਕੰਪਿਊਟਰ, ਵੱਡਾ ਪ੍ਰਿੰਟ ਜਾਂ ਉੱਤਰਾਂ ਦੀ ਰਿਕਾਡਿੰਗ ਸਬੰਧੀ ਸਹੂਲਤ ਆਦਿ। ਕਿਉਂਜੋ ਪ੍ਰੀਖਿਆ ਸੰਚਾਲਨ ਸੰਸਥਾ ਵੱਲੋਂ ਟੈਕਨੋਲੋਜੀ ਦੀ ਵਰਤੋਂ ਅਸਾਨੀ ਨਾਲ ਕਰਕੇ ਸਹਿਜ ਹੀ ਪ੍ਰਸ਼ਨ ਪੱਤਰ ਨੂੰ ਵੱਡੇ ਪ੍ਰਿੰਟ ਸਮੱਗਰੀ ਜਾਂ ਬਰੇਲ ਲਿਪੀ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਖੇਤਰੀ ਭਾਸ਼ਾ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ।

6. ਉਮੀਦਵਾਰ ਨੂੰ ਪ੍ਰੀਖਿਆ ਤੋਂ ਇੱਕ ਦਿਨ ਪਹਿਲਾਂ ਕੰਪਿਊਟਰ ਸਿਸਟਮ ਦੀ ਜਾਂਚ ਕਰਨ ਦੀ ਆਗਿਆ ਹੋਵੇਗੀ। ਜੇਕਰ ਸਾਫਟਵੇਅਰ ਜਾਂ ਸਿਸਟਮ ਵਿੱਚ ਕੋਈ ਤਰੁੱਟੀ ਹੋਵੇ ਤਾਂ ਉਸਨੂੰ ਦਰੁਸੱਤ ਕੀਤਾ ਜਾ ਸਕੇ।

7. ਕਿਸੇ ਵੀ ਸਥਾਨ ਤੋਂ ਯੋਗ ਮੈਡੀਕਲ ਅਥਾਰਟੀ ਵੱਲੋਂ ਜਾਰੀ ਸਰਟੀਫਿਕੇਟ ਦੇਸ਼ ਭਰ ਵਿੱਚ ਮਾਨਤਾ ਯੋਗ ਹੋਵੇਗਾ।

8. 'ਵਧੇਰੇ' ਜਾਂ 'ਵਾਧੂ ਸਮਾਂ' ਜੋ ਵਰਤਮਾਨ ਮੌਜੂਦਾ ਸਮੇਂ ਵਿੱਚ ਲਾਗੂ ਹੈ ਨੂੰ ਬਦਲ ਕੇ ਪੂਰਕ (Compensentary) ਸਮਾਂ ਵਰਤਿਆ ਜਾਵੇ ਅਤੇ ਹਰ ਇੱਕ ਘੰਟੇ ਦੀ ਪ੍ਰੀਖਿਆ ਲਈ ਇਹ ਸਮਾਂ 20 ਮਿੰਟ ਤੋਂ ਘੱਟ ਨਹੀਂ ਹੋਵੇਗਾ। ਜੋ ਲਿਖਾਰੀ, ਪਾਠਕ ਅਤੇ ਲੈਬ ਸਹਾਇਕ ਦੀ ਵਰਤੋਂ ਕਰਨਗੇ ਉਹ ਸਾਰੇ ਉਮੀਦਵਾਰ ਜੋ ਲਿਖਾਰੀ /ਕਿਤਾਬ /ਪਾਠਕ/ਲੈਬਾਰਟਰੀ ਸਹਾਇਕ ਦੀ ਸਹੂਲਤ ਪ੍ਰਾਪਤ ਨਹੀਂ ਕਰਨਗੇ। ਉਨ੍ਹਾਂ ਨੂੰ ਤਿੰਨ ਘੰਟੇ ਦੀ ਪ੍ਰੀਖਿਆ ਲਈ ਘੱਟੋ ਘੱਟ ਇੱਕ ਘੰਟੇ ਦਾ ਵਾਧੂ ਸਮਾਂ ਦਿੱਤਾ ਜਾਵੇਗਾ।

9. ਉਮੀਦਵਾਰਾਂ ਨੂੰ ਸਹਾਇਕ ਸਮੱਗਰੀ ਜਿਵੇਂ ਕੀ Talking Calculator (ਜੇਕਰ ਪ੍ਰੀਖਿਆ ਵਿੱਚ Calculator ਦੀ ਵਰਤੋਂ ਕੀਤੀ ਜਾ ਸਕੇ), ਟੇਲਰ ਫਰੇਮ (Tailor Frame), ਬਰੇਲ ਸਲੇਟ (Braille Slate), ਅਬੈਕਸ (Abacus), ਜਿਉਮੈਟਰੀ ਕਿੱਟ (Geometry Kit), ਬਰੇਲ ਮਾਪਣ ਦੀ ਟੇਪ (Braille measuring tape), ਆਗਉਮੈਂਟਿਵ ਕੰਮਿਉਨੀਕੇਸ਼ਨ ਡੀਵਾਈਸ (Augmentative communication devices) ਜਿਵੇਂ ਕੰਮਿਉਨੀਕੇਸ਼ਨ ਚਾਰਟ (Communication Chart) ਅਤੇ ਇਲਕਟਰਾਨਿਕ ਡੀਵਾਈਸ (Electronic devices) ਦੀ ਸਹੂਲਤ ਹੋਵੇਗੀ।

10. ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਉਮੀਦਵਾਰ ਲਈ ਬੈਠਣ ਦਾ ਯੋਗ ਪ੍ਰਬੰਧ ਵਿਸ਼ੇਸ਼ ਤੌਰ ਤੇ ਹੇਠਲੀ ਮੰਜ਼ਿਲ ਤੇ ਹੋਵੇ ਤਾਂ ਜੋ ਪ੍ਰੀਖਿਆ ਵਾਲੇ ਦਿਨ ਉਮੀਦਵਾਰ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਜਾਂ ਉਲਝਣ ਦਾ ਸਾਹਮਣਾ ਨਾ ਕਰਨਾ ਪਵੇ। ਪ੍ਰਸ਼ਨ ਪੱਤਰ ਵੰਡਣ ਦਾ ਸਮਾਂ ਨਿਸ਼ਚਤ ਕੀਤਾ ਜਾਵੇ ਅਤੇ ਯੋਗ ਸਮੇਂ ਤੇ ਪੂਰਕ ਪੇਪਰ ਪੱਤਰ ਸਹੀਂ ਸਮੇਂ ਤੇ ਮੁਹੱਈਆ ਕਰਵਾਇਆ ਜਾਵੇ।

11. ਦੇਖਣ ਤੋ ਅਸਮਰੱਥ ਉਮੀਦਵਾਰਾਂ ਲਈ ਮੌਜੂਦਾ ਨੀਤੀ 'ਕਿ Visual Inputs ਦੀ ਜ਼ਰੂਰਤ ਵਾਲੇ ਪ੍ਰਸ਼ਨਾਂ ਦੀ ਥਾਂ ਬਦਲਵੇਂ ਪ੍ਰਸ਼ਨ ਦਿੱਤੇ ਜਾਣ 'ਦੀ ਲਗਾਤਾਰਤਾ ਵਿੱਚ ਸੁਣਨ ਤੋਂ ਅਸਮਰੱਥ ਉਮੀਦਵਾਰਾਂ ਲਈ ਵਿਆਖਿਆਤਮਕ(Subjective) ਪ੍ਰਸ਼ਨਾਂ ਦੀ ਥਾਂ ਬਦਲਵੇ ਛੋਟੇ (Objective) ਪ੍ਰਸ਼ਨ ਮੁਹੱਈਆ ਕਰਵਾਏ ਜਾਣਗੇ।

## ❖ ਸਾਵਧਾਨੀਆਂ :-

ੳ. ਜੇ ਕੋਈ ਉਮੀਦਵਾਰ ਕਿਸੇ ਵੀ ਯੂਨੀਵਰਸਿਟੀ/ਬੋਰਡ ਦੀ ਪਰੀਖਿਆ ਦੇਣ ਤੋਂ ਵਰਜਿਤ ਕੀਤਾ ਗਿਆ ਹੋਵੇ ਤਾਂ ਵੇਰਵੇ ਸਹਿਤ ਸਾਰੀ ਸੂਚਨਾ ਭਾਵ ਯੂਨੀਵਰਸਿਟੀ/ਬੋਰਡ ਦਾ ਨਾਂ, ਪਰੀਖਿਆ ਦਾ ਨਾਂ, ਰੋਲ ਨੰ:/ਸੈਸ਼ਨ ਸਾਲ ਅਤੇ ਵਰਜਿਤ ਸਮੇਂ ਦਾ ਵਰਨਣ ਦਰਜ ਕੀਤਾ ਜਾਵੇ।

ਅ. ਬੋਰਡ ਵੱਲੋਂ ਰੋਲ ਨੰਬਰ ਪ੍ਰਾਪਤ ਹੋਣ ਤੋਂ ਤੁਰੰਤ ਬਾਅਦ ਉਹਨਾਂ ਉਮੀਦਵਾਰਾਂ ਦੇ ਨਾਂ ਜਿਨ੍ਹਾਂ ਦਾ ਉਮੀਦਵਾਰੀ ਹੱਕ ਪਰੀਖਿਆ ਦੇਣ ਦੇ ਅਯੋਗ ਹੋਣ ਕਾਰਨ ਰੱਦ ਕਰਾਉਣਾ ਹੈ ਤਾਂ ਰਜਿਸਟਰੀ ਪੱਤਰ ਦੁਆਰਾ ਤੁਰੰਤ ਦਫ਼ਤਰ ਨੂੰ ਲਿਖ ਕੇ ਭੇਜ ਦਿੱਤਾ ਜਾਵੇ।

ੲ. ਨਤੀਜਾ ਨਿਕਲਣ ਤੋਂ ਬਾਅਦ ਹਰ ਪ੍ਰਕਾਰ ਦੀ ਸੋਧ ਭਾਵ ਪਰੀਖਿਆਰਥੀ ਦਾ ਨਾਂ/ਪਿਤਾ ਦਾ ਨਾਂ/ਮਾਤਾ ਦਾ ਨਾਂ/ ਜਨਮ-ਮਿਤੀ ਆਦਿ ਦੇ 1000/- ਰੁ: ਪ੍ਰਤੀ ਸੋਧ ਲਏ ਜਾਣਗੇ। ਇਹ ਸ਼ਰਤ ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ ਦੋ ਸਾਲ ਤੱਕ ਹੋਵੇਗੀ।

ਸ. ਆਪਣੇ ਸਕੂਲ ਦੇ ਉਮੀਦਵਾਰਾਂ ਦੇ ਵਿਸ਼ਿਆਂ ਸੰਬੰਧੀ ਸੂਚਨਾ ਵੇਰਵਾ-ਸੂਚੀ (ਸੈਂਟਰ ਸਟੇਟਮੈਂਟ) ਵਿੱਚ ਵੀ ਚੈਕ ਕਰਕੇ ਭੇਜੀ ਜਾਵੇ।

## ❖ ਪਰੀਖਿਆ ਦੇ ਮਾਧਿਅਮ ਸੰਬੰਧੀ ਹੇਠ ਲਿਖੇ ਅਨੁਸਾਰ ਨਿਯਮ ਹਨ :-

1. ਸਰਕਾਰੀ ਸਕੂਲਾਂ ਦੇ ਉਮੀਦਵਾਰਾਂ ਲਈ ਮਾਧਿਅਮ ਪੰਜਾਬੀ। ਕੇਵਲ ਵਿਗਿਆਨ ਅਤੇ ਗਣਿਤ ਵਿਸ਼ਿਆਂ ਲਈ ਅੰਗਰੇਜੀ ਮਾਧਿਅਮ ਰੱਖਿਆ ਜਾ ਸਕਦਾ ਹੈ।
2. ਸਰਕਾਰੀ ਮਾਡਲ ਸਕੂਲਾਂ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਆਦਰਸ਼ ਸਕੂਲਾਂ ਦੇ ਉਮੀਦਵਾਰਾਂ ਲਈ ਮਾਧਿਅਮ : ਪੰਜਾਬੀ ਜਾਂ ਅੰਗਰੇਜੀ।
3. ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਹੋਰ ਸੰਸਥਾਵਾਂ ਦੇ ਉਮੀਦਵਾਰਾਂ ਲਈ ਮਾਧਿਅਮ : ਪੰਜਾਬੀ, ਅੰਗਰੇਜੀ ਜਾਂ ਹਿੰਦੀ।

## ❖ ਹਾਜਰੀਆਂ ਦੀ ਲੋੜੀਂਦੀ ਗਿਣਤੀ ਅਤੇ ਮੁਆਫੀ ਸੰਬੰਧੀ :-

ਪਰੀਖਿਆਰਥੀ ਦੀ ਯੋਗਤਾ ਅਤੇ ਹਾਜਰੀ ਸਬੰਧੀ ਸਮੁੱਚੀ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ। ਹਰ ਉਮੀਦਵਾਰ ਲਈ 75% ਹਾਜਰੀਆਂ ਪੂਰੀਆਂ ਕਰਨੀਆਂ ਜਰੂਰੀ ਹਨ। 10 ਹਾਜਰੀਆਂ ਦੀ ਘਾਟ ਦੀ ਮੁਆਫੀ ਸਕੂਲ ਮੁਖੀ ਆਪਣੇ ਪੱਧਰ ਤੇ ਦੇ ਸਕਦਾ ਹੈ।

ਜਿਸ ਉਮੀਦਵਾਰ ਦਾ ਨਾਂ ਪਰੀਖਿਆ ਫ਼ਾਰਮ ਭੇਜਣ ਤੋਂ ਬਾਅਦ ਸਕੂਲ ਵਿੱਚੋਂ ਕੱਟਿਆ ਗਿਆ ਹੋਵੇ, ਉਹ ਪਰੀਖਿਆ ਦੇਣ ਦੇ ਯੋਗ ਨਹੀਂ ਹੁੰਦਾ ਪਰ ਅਜਿਹਾ ਉਮੀਦਵਾਰ ਪਰੀਖਿਆ ਸ਼ੁਰੂ ਹੋਣ ਤੋਂ ਘੱਟੋ-ਘੱਟ 14 ਦਿਨ ਪਹਿਲਾਂ ਮੁੜ ਸਕੂਲ ਵਿੱਚ ਦਾਖ਼ਲ ਹੋ ਜਾਂਦਾ ਹੈ ਅਤੇ ਸਕੂਲ ਦੇ ਉਮੀਦਵਾਰ ਵਾਲੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ ਤਾਂ ਉਹ ਪਰੀਖਿਆ ਵਿੱਚ ਬੈਠਣ ਦੇ ਯੋਗ ਹੋ ਜਾਂਦਾ ਹੈ। ਸਕੂਲ ਮੁਖੀ ਉਮੀਦਵਾਰ ਦਾ ਪਰੀਖਿਆ ਫ਼ਾਰਮ ਭੇਜਣ ਤੋਂ ਬਾਅਦ ਰੋਲ ਨੰ: ਹੇਠ ਲਿਖੇ ਕਾਰਨਾਂ ਕਰਕੇ ਵਾਪਸ ਲੈ ਸਕਦੇ ਹਨ :-

1. ਹਾਜਰੀਆਂ ਦੀ ਕਮੀ ਕਾਰਨ।
2. ਭੈੜੇ ਚਾਲ-ਚਲਣ ਕਾਰਨ (ਭੈੜੇ ਚਾਲ-ਚਲਣ ਬਾਰੇ ਸਪਸ਼ਟ ਦੱਸੋ)

3. ਨਾਂ ਕੱਟੇ ਜਾਣ ਕਾਰਨ (ਨਾਂ ਕੱਟੇ ਜਾਣ ਦਾ ਕਾਰਨ ਦੱਸੋ)

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ